## ਨਫ਼ਰਤ ਅਧਾਰਤ ਹਿੰਸਾ ਦੀਆਂ ਉਦਾਹਰਨਾਂ

### ਰਾਲਫ ਸਿਵਲ ਰਾਈਟਸ ਐਕਟ ਤਹਿਤ, ਅੱਗੇ ਦਿੱਤੀਆਂ ਗੱਲਾਂ ਗੈਰਕਾਨੂੰਨੀ ਹਨ:

ਕਿਸੇ ਵਿਅਕਤੀ ਦੀ ਸੁਰੱਖਿਅਤ ਕੀਤੇ ਗਏ ਸਮੂਹ ਵਿੱਚ ਅਸਲ ਜਾਂ ਮੰਨੀ ਜਾਂਦੀ ਮੈਂਬਰਸ਼ਿਪ ਕਰਕੇ ਉਸਦੇ ਸੰਵਿਧਾਨਕ ਅਧਿਕਾਰਾਂ ਵਿੱਚ ਤਾਕਤ ਦੁਆਰਾ ਜਾਂ ਤਾਕਤ ਦੀ ਧਮਕੀ ਦੁਆਰਾ ਦਖ਼ਲ ਦੇਣਾ।

ਆਪਣੇ ਧਰਮ ਦੇ ਆਧਾਰ 'ਤੇ ਪ੍ਰਾਰਥਨਾ ਕਰਨ ਲਈ ਇਕੱਠੇ ਹੋਏ ਲੋਕਾਂ ਦੇ ਸਮੂਹ ਵਿੱਚ ਜਾਣਬੁਝ ਕੇ ਵਿਘਨ ਪਾਉਣਾ।

ਹਿੰਸਾ ਦੀਆਂ ਧਮਕੀਆਂ ਦੁਆਰਾ ਧਾਰਮਿਕ ਗਤੀਵਿਧੀਆਂ ਰੋਕਣ ਦੀ ਕੋਸ਼ਿਸ਼ ਕਰਨੀ।

ਕਿਸੇ ਵਿਅਕਤੀ ਦੀ ਸੁਰੱਖਿਅਤ ਕੀਤੇ ਗਏ ਸਮੂਹ ਵਿੱਚ ਅਸਲ ਜਾਂ ਮੰਨੀ ਜਾਂਦੀ ਮੈਂਬਰਸ਼ਿਪ ਕਰਕੇ ਉਸ ਦੀ ਪਰਾਪਰਟੀ ਨੂੰ ਨੁਕਸਾਨ ਪਹੁੰਚਾਉਣਾ।

ਸੁਰੱਖਿਅਤ ਕੀਤੇ ਗਏ ਸਮੂਹ ਵਿੱਚ ਅਸਲ ਜਾਂ ਮੰਨੀ ਜਾਂਦੀ ਮੈਂਬਰਸ਼ਿਪ ਦੇ ਆਧਾਰ 'ਤੇ ਪੂਜਾ ਅਸਥਾਨ ਜਾਂ ਇਮਾਰਤ ਵਿੱਚ ਭੰਨ-ਤੋੜ ਕਰਨੀ।

ਕਿਸੇ ਵਿਅਕਤੀ ਦੀ ਸੁਰੱਖਿਅਤ ਕੀਤੇ ਗਏ ਸਮੂਹ ਵਿੱਚ ਅਸਲ ਜਾਂ ਮੰਨੀ ਜਾਂਦੀ ਮੈਂਬਰਸ਼ਿਪ ਦੇ ਆਧਾਰ 'ਤੇ ਉਸ ਵਿਅਕਤੀ 'ਤੇ ਹਮਲਾ ਕਰਨਾ।

ਕਿਸੇ ਵਿਅਕਤੀ ਦੀ ਸੁਰੱਖਿਅਤ ਕੀਤੇ ਗਏ ਸਮੂਹ ਵਿੱਚ ਅਸਲ ਜਾਂ ਮੰਨੀ ਜਾਂਦੀ ਮੈਂਬਰਸ਼ਿਪ ਦੇ ਆਧਾਰ 'ਤੇ ਉਸ ਵਿਅਕਤੀ ਵਿਰੁੱਧ ਗੈਰਕਾਨੂੰਨੀ ਹਿੰਸਾ ਦੀ ਵਕਾਲਤ ਕਰਨੀ, ਜਿੱਥੇ ਅਜਿਹੀ ਵਕਾਲਤ ਦਾ ਉਦੇਸ਼ ਤੁਰੰਤ ਜਾਂ ਛੇਤੀ ਹੀ ਗੈਰਕਾਨੂੰਨੀ ਕਾਰਵਾਈ ਕਰਨ ਲਈ ਉਕਸਾਉਣਾ ਹੋਵੇ ਅਤੇ ਅਜਿਹੀ ਕਾਰਵਾਈ ਹੋਣ ਦੀ ਸੰਭਾਵਨਾ ਹੋਵੇ।

ਡਿਪਾਰਟਮੈਂਟ ਆਫ ਫੇਅਰ ਇੰਪਲੌਇਮੈਂਟ ਐਂਡ ਹਾਊਸਿੰਗ ਦਾ ਮਿਸ਼ਨ ਕੈਲੀਫੋਰਨੀਆ ਦੇ ਲੋਕਾਂ ਨੂੰ ਰੁਜ਼ਗਾਰ, ਰਿਹਾਇਸ਼, ਅਤੇ ਜਨਤਕ ਰਿਹਾਇਸ਼ ਵਿੱਚ ਗੈਰਕਾਨੂੰਨੀ ਵਿਤਕਰੇ ਤੋਂ, ਅਤੇ ਨਫ਼ਰਤ ਅਧਾਰਤ ਹਿੰਸਾ ਅਤੇ ਮਨੁੱਖੀ ਤਸਕਰੀ ਦੀ ਕਾਰਵਾਈਆਂ ਦੇ ਜੁਰਮ ਤੋਂ ਬਚਾਉਣਾ ਹੈ।

**ਵਧੇਰੇ ਜਾਣਕਾਰੀ ਲਈ:**

Department of Fair Employment and Housing

ਟੋਲ ਫ੍ਰੀ: **(800) 884-1684**

TTY: **(800) 700-2320**

ਔਨਲਾਈਨ: **www.dfeh.ca.gov**

**ਸਾਨੂੰ ਇੱਥੇ ਵੀ ਮਿਲੋ**

ਜੇ ਤੁਹਾਨੂੰ ਕੋਈ ਅਜਿਹੀ ਅਸਮਰਥਤਾ ਹੈ ਜੋ ਤੁਹਾਨੂੰ ਲਿਖਤੀ ਅਗਾਊਂ-ਸ਼ਿਕਾਇਤ ਫਾਰਮ ਔਨਲਾਈਨ, ਡਾਕ ਦੁਆਰਾ, ਜਾਂ ਈਮੇਲ ਦੁਆਰਾ ਜਮਾਂ ਕਰਨ ਤੋਂ ਰੋਕਦੀ ਹੈ ਤਾਂ DFEH ਫੋਨ ਰਾਹੀ ਤੁਹਾਡੀ ਅਗਾਊਂ ਸ਼ਿਕਾਇਤ ਨੂੰ ਲਿਖ ਕੇ ਤੁਹਾਡੀ ਸਹਾਇਤਾ ਕਰ ਸਕਦਾ ਹੈ; ਬੋਲ਼ੇ ਜਾਂ ਉੱਚਾ ਸੁਣਨ ਵਾਲੇ ਜਾਂ ਬੋਲਣ ਦੀਆਂ ਅਸਮਰਥਤਾਵਾਂ ਵਾਲੇ ਵਿਅਕਤੀ ਕੈਲੀਫੋਰਨੀਆ ਰਿਲੇ ਸਰਿਵਸ (711), ਰਾਹੀਂ ਜਾਂ (800) 884-1684 (ਆਵਾਜ਼) 'ਤੇ ਆਪਣੀ VRS ਰਾਹੀਂ ਸਾਨੂੰ ਕਾਲ ਕਰ ਸਕਦੇ ਹਨ।

ਅਪਾਇੰਟਮੈਂਟ ਤੈਅ ਕਰਨ ਲਈ, ਕਮਿਊਨਿਕੇਸ਼ਨ ਸੈਂਟਰ ਨੂੰ 800-884-1684 (ਆਵਾਜ਼) 'ਤੇ ਜਾਂ 800-700-2320 (TTY) 'ਤੇ ਜਾਂ contact.center@dfeh.ca.gov 'ਤੇ ਈਮੇਲ ਰਾਹੀਂ ਸੰਪਰਕ ਕਰੋ।

ਬੇਨਤੀ ਕੀਤੇ ਜਾਣ 'ਤੇ, ਅਸਮਰਥ ਲੋਕਾਂ ਲਈ ਮੁਨਾਸਬ ਰਿਆਇਤ ਦੇ ਤੌਰ 'ਤੇ, DFEH ਆਪਣੀਆਂ ਸਮੱਗਰੀਆਂ ਬਦਲਵੇਂ ਫਾਰਮੈਟ ਵਿੱਚ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਸਾਡੀਆਂ ਸਮੱਗਰੀਆਂ ਜਾਂ ਵੈਬਪੇਜਾਂ ਤੱਕ ਪਹੁੰਚਣ ਲਈ ਆਪਣੇ ਤਰਜੀਹੀ ਫਾਰਮੈਟ ਬਾਰੇ ਗੱਲਬਾਤ ਕਰਨ ਲਈ DFEH ਨੂੰ (800) 884-1684 (ਆਵਾਜ਼ ਜਾਂ ਰਿਲੇ ਆਪਰੇਟਰ 711 ਰਾਹੀਂ), TTY (800) 700-2320 'ਤੇ ਜਾਂ contact.center@dfeh.ca.gov 'ਤੇ ਸੰਪਰਕ ਕਰੋ।

STATE OF CALIFORNIA
DEPARTMENT OF
FAIR EMPLOYMENT & HOUSING

*DFEH-R01B-PB - 12/2016*

## ਡਿਪਾਰਟਮੈਂਟ ਆਫ ਫੇਅਰ ਇੰਪਲੌਇਮੈਂਟ ਐਂਡ ਹਾਊਸਿੰਗ

# ਨਫ਼ਰਤ ਅਧਾਰਤ ਹਿੰਸਾ ਅਤੇ ਨਾਗਰਿਕ ਅਧਿਕਾਰ

## ਰਾਲਫ ਸਿਵਲ ਰਾਈਟਸ ਐਕਟ

ਵਿਅਕਤੀ ਦੇ ਖਿਲਾਫ ਹਿੰਸਾ ਦੀ ਕਾਰਵਾਈਆਂ ਜਾਂ ਹਿੰਸਾ ਦੀਆਂ ਧਮਕੀਆਂ 'ਤੇ ਰੋਕ ਲਗਾਉਂਦਾ ਹੈ ਜੇ ਇਸ ਦਾ ਕਾਰਨ ਹਨ: ਅਸਲ ਜਾਂ ਮੰਨਿਆ ਗਿਆ ਸੈਕਸ/ਲਿੰਗ , ਜਿਸ ਵਿੱਚ ਗਰਭ-ਅਵਸਥਾ, ਬੱਚੇ ਦਾ ਜਨਮ, ਅਤੇ ਸਬੰਧਤ ਡਾਕਟਰੀ ਸਿਹਤ-ਸਮੱਸਿਆਵਾਂ, ਲਿੰਗੀ ਪਹਿਚਾਣ ਅਤੇ ਲਿੰਗੀ ਪਰ੍ਗਟਾਅ ਸ਼ਾਮਲ ਹਨ, ਨਸਲ, ਰੰਗ, ਧਰਮ, ਵੰਸ਼, ਰਾਸ਼ਟਰੀ ਮੂਲ, ਅਸਮਰਥਤਾ, ਡਾਕਟਰੀ ਸਿਹਤ-ਸਮੱਸਿਆ, ਅਨੁਵੰਸ਼ਕ ਜਾਣਕਾਰੀ, ਵਿਆਹੁਤਾ ਸਥਿਤੀ, ਜਿਨਸੀ ਝੁਕਾਅ, ਨਾਗਰਿਕਤਾ, ਮੁਢਲੀ ਭਾਸ਼ਾ, ਇਮੀਗਰੇ੍ਸ਼ਨ ਰੁਤਬਾ, ਰਾਜਨੀਤਕ ਜੁੜਾਵ, ਜਾਂ ਕਿਰਤ ਵਿਵਾਦ ਵਿੱਚ ਸਥਿਤੀ (ਕੈਲੀਫੋਰਨੀਆ ਸਿਵਲ ਕੋਡ ਦੀ ਧਾਰਾ 51.7)।

ਇਹ ਸੂਚੀਬੱਧ ਵਿਸ਼ੇਸ਼ਤਾਵਾਂ ਮਹਿਜ਼ ਉਦਾਹਰਨਾਂ ਹਨ ਅਤੇ ਐਕਟ ਤਹਿਤ ਵਿਤਕਰੇ ਲਈ ਦਾਅਵਾ ਕਰਨ ਲਈ ਹੋਰ ਆਧਾਰ ਸੰਭਵ ਹਨ। ਦੀਵਾਨੀ ਕਾਨੂੰਨ ਰਾਹੀਂ ਮਨਾਹੀ ਵਾਲੀਆਂ ਕਾਰਵਾਈਆਂ ਅਪਰਾਧਕ ਕਾਰਵਾਈਆਂ ਵੀ ਹੋ ਸਕਦੀਆਂ ਹਨ ਅਤੇ ਇਸ ਨਾਲ ਉਲੰਘਣ ਕਰਨ ਵਾਲਿਆਂ ਨੂੰ ਫੌਜਦਾਰੀ ਸਜਾਵਾਂ ਵੀ ਹੋ ਸਕਦੀਆਂ ਹਨ। ਰਾਲਫ ਸਿਵਲ ਰਾਈਟਸ ਐਕਟ ਕਿਸੇ ਵਿਅਕਤੀ ਨੂੰ ਵਸਤੂਆਂ ਜਾਂ ਸੇਵਾਵਾਂ ਲਈ ਸਮਝੌਤਾ ਕਰਨ ਦੀ ਸ਼ਰਤ ਵੱਜੋਂ ਐਕਟ ਦੀਆਂ ਸੁਰੱਖਿਆਵਾਂ ਨੂੰ ਛੱਡਣ ਦੀ ਸ਼ਰਤ ਲਗਾਉਣ ਤੋਂ ਵੀ ਰੋਕਦਾ ਹੈ, ਜਿਸ ਵਿੱਚ ਸ਼ਿਕਾਇਤ ਜਾਂ ਮੁਕੱਦਮਾ ਦਾਇਰ ਕਰਨ ਦਾ ਜਾਂ ਅਟਾਰਨੀ ਜਨਰਲ, DFEH, ਜਾਂ ਪਰੋ੍ਸੀਕਿਊਟਰ ਜਾਂ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੂੰ ਸੂਚਿਤ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ।

## DFEH ਕੀ ਕਰਦਾ ਹੈ

### ਡਿਪਾਰਟਮੈਂਟ ਆਫ ਫੇਅਰ ਇੰਪਲੌਇਮੈਂਟ ਐਂਡ ਹਾਊਸਿੰਗ (DFEH) ਹੇਠਾਂ ਦਿੱਤੇ ਦੁਆਰਾ ਕੈਲੀਫੋਰਨੀਆ ਦੇ ਦੀਵਾਨੀ ਕਾਨੂੰਨਾਂ ਨੂੰ ਲਾਗੂ ਕਰਦਾ ਹੈ ਜੋ ਨਫ਼ਰਤ ਅਧਾਰਤ ਹਿੰਸਾ ਦੀ ਮਨਾਹੀ ਕਰਦੇ ਹਨ:

ਸ਼ਿਕਾਇਤਾਂ ਦੀ ਤਫ਼ਤੀਸ਼ ਕਰਕੇ;

ਕਾਨੂੰਨ ਦੀ ਉਲੰਘਣਾ ਲਈ ਮੁਕੱਦਮਾ ਚਲਾ ਕੇ; ਅਤੇ

ਲਿਖਤੀ ਸਮੱਗਰੀਆਂ ਮੁਹੱਈਆ ਕਰਕੇ ਅਤੇ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਭਾਗ ਲੈ ਕੇ ਨਫ਼ਰਤ ਅਧਾਰਤ ਹਿੰਸਾ, ਮਨੁੱਖੀ ਤਸਕਰੀ, ਪਰੇਸ਼ਾਨ ਕਰਨ, ਅਤੇ ਵਿਤਕਰੇਬਾਜ਼ੀ ਨੂੰ ਰੋਕਣ ਵਾਲੇ ਕਾਨੂੰਨਾਂ ਬਾਰੇ ਕੈਲੀਫੋਰਨੀਆ ਵਾਸੀਆਂ ਨੂੰ ਸਿੱਖਿਅਤ ਕਰਕੇ।

# ਕੈਲੀਫੋਰਨੀਆ ਕਾਨੂੰਨ ਤਹਿਤ ਕਿਸ ਤਰ੍ਹਾਂ ਦੀਆਂ ਕਾਰਵਾਈਆਂ ਦੀ ਮਨਾਹੀ ਹੈ?

ਕੈਲੀਫੋਰਨੀਆ ਕਾਨੂੰਨ ਮੌਖਿਕ ਜਾਂ ਲਿਖਤੀ ਧਮਕੀਆਂ, ਸਰੀਰਕ ਹਮਲੇ ਜਾਂ ਕੋਸ਼ਿਸ਼ ਕੀਤੇ ਹਮਲੇ, ਭੱਦੇ-ਚਿਤਰਣ, ਅਤੇ ਭੰਨ-ਤੋੜ ਜਾਂ ਸੰਪਤੀ ਦੇ ਨੁਕਸਾਨ ਦੀ ਮਨਾਹੀ ਕਰਦਾ ਹੈ। ਕੈਲੀਫੋਰਨੀਆ ਦੇ ਦੂਜੇ ਕਾਨੂੰਨ ਅਜਿਹੀਆਂ ਕਾਰਵਾਈਆਂ ਲਈ ਫੌਜਦਾਰੀ ਸਜਾਵਾਂ ਤੈਅ ਕਰਦੇ ਹਨ ਜਿਨਹ੍ਹਾਂ ਵਿੱਚ ਸ਼ਾਮਲ ਹਨ ਪਰ੍ਾਰਥਨਾ ਲਈ ਇਕੱਠੇ ਹੋਏ ਲੋਕਾਂ ਦੇ ਸਮੂਹ ਵਿੱਚ ਵਿਘਨ ਪਾਉਣਾ; ਧਾਰਮਿਕ ਵਿਦਿਅਕ ਸੰਸਥਾ ਦੀ ਮਲਕੀਅਤ ਵਾਲੇ ਅਤੇ ਕਬਜ਼ੇ ਹੇਠਲੇ ਪੂਜਾ ਅਸਥਾਨ ਜਾਂ ਇਮਾਰਤ ਵਿੱਚ ਭੰਨ-ਤੋੜ ਕਰਨੀ; ਹਿੰਸਾ ਦੀਆਂ ਧਮਕੀਆਂ ਰਾਹੀ ਧਾਰਮਿਕ ਗਤੀਵਿਧੀਆਂ ਨੂੰ ਰੋਕਣ ਦੀ ਕੋਸ਼ਿਸ਼ ਕਰਨੀ; ਜਾਂ ਪੂਜਾ ਅਸਥਾਨਾਂ ਜਾਂ ਕਿਸੇ ਨਿੱਜੀ ਪਰ੍ਾਪਰਟੀ ਵਿੱਚ ਕਿਸੇ ਵਿਅਕਤੀ ਨੂੰ ਆਪਣੀ ਨਿੱਜੀ ਸੁਰੱਖਿਆ ਲਈ ਡਰ ਪੈਦਾ ਕਰਨ ਲਈ ਬੰਬ ਜਾਂ ਅੱਗਜ਼ਨੀ ਦੀ ਵਰਤੋ ਕਰਨੀ ਜੇ ਪਰ੍ਾਪਰਟੀ ਨੂੰ ਮਾਲਕ ਜਾਂ ਰਹਿਣ ਵਾਲੇ ਦੀ ਨਸਲ, ਧਰਮ, ਵੰਸ਼, ਜਾਂ ਕਿਸੇ ਹੋਰ ਸੁਰੱਖਿਅਤ ਆਧਾਰਾਂ ਕਰਕੇ ਨਿਸ਼ਾਨਾ ਬਣਾਇਆ ਗਿਆ ਸੀ।

## ਇਹ ਕਾਨੂੰਨ ਪੀੜਤਾਂ ਦੀ ਕਿਵੇਂ ਮਦਦ ਕਰਦੇ ਹਨ?

ਇਹ ਕਾਨੂੰਨ ਉਹਨਾਂ ਵਿਅਕਤੀਆਂ ਲਈ ਦੀਵਾਨੀ ਉਪਰਾਲੇ ਮੁਹੱਈਆ ਕਰਦੇ ਹਨ ਜਿਨਹ੍ਹਾਂ ਨੂੰ ਨਸਲ, ਰੰਗ, ਧਰਮ, ਵੰਸ਼, ਰਾਸ਼ਟਰੀ ਮੂਲ, ਉਮਰ, ਅਸਮਰਥਤਾ, ਲਿੰਗ, ਜਿਨਸੀ ਝੁਕਾਅ, ਰਾਜਨੀਤਕ ਜੁੜਾਵ ਜਾਂ ਕਿਰਤ ਵਿਵਾਦ ਵਿੱਚ ਸਥਿਤੀ ਕਰਕੇ ਹਿੰਸਾ ਦੀਆਂ ਕਾਰਵਾਈਆਂ ਜਾਂ ਹਿੰਸਾ ਦੀਆਂ ਧਮਕੀਆਂ ਦਾ ਸ਼ਿਕਾਰ ਬਣਾਇਆ ਗਿਆ ਹੈ। ਉਪਲਬਧ ਦੀਵਾਨੀ ਉਪਰਾਲਿਆਂ ਵਿੱਚ ਸ਼ਾਮਲ ਹਨ:

- ⇒**ਰੋਕ ਦੇ ਆਦੇਸ਼**
- ⇒**ਅਸਲ ਨੁਕਸਾਨ**
- ⇒**ਦੰਡਾਤਮਕ ਨੁਕਸਾਨ**
- ⇒**ਦੀਵਾਨੀ ਜੁਰਮਾਨੇ**
- ⇒**ਅਟਾਰਨੀ ਦੀਆਂ ਫੀਸਾਂ**

ਅਜਿਹੇ ਬਹੁਤ ਸਾਰੇ ਕਦਮ ਹਨ ਜੋ ਕੋਈ ਵਿਅਕਤੀ ਇਹਨਾਂ ਕਾਨੂੰਨਾਂ ਰਾਹੀ ਮੁਹੱਈਆ ਅਧਿਕਾਰਾਂ ਨੂੰ ਵਰਤਣ ਲਈ ਚੁੱਕ ਸਕਦਾ ਹੈ।

# ਜੇ ਮੈਨੂੰ ਲੱਗਦਾ ਹੈ ਕਿ ਮੈਂ ਨਫ਼ਰਤ ਅਧਾਰਤ ਹਿੰਸਾ ਤੋ ਪੀੜਤ ਹਾਂ ਤਾਂ ਮੈਂ ਕਰਾਂ?

1. ਤੁਸੀ ਇਸ ਕਿਤਾਬਚੇ ਦੀ ਵਰਤੋਂ ਕਰ ਸਕਦੇ ਹੋ। ਜਦੋਂ ਤੁਸੀ ਸਮੱਸਿਆ ਬਾਰੇ ਅਟਾਰਨੀ, ਪੁਲਿਸ, ਜਾਂ ਸਰਕਾਰੀ ਏਜੰਸੀਆਂ ਨਾਲ ਸੰਪਰਕ ਕਰਦੇ ਹੋ ਤਾਂ ਉਹਨਾਂ ਨੂੰ ਇਹ ਦਿਖਾਉ।

2. ਕਿਸੇ ਵੀ ਹਿੰਸਕ ਧਮਕੀ ਜਾਂ ਕਾਰਵਾਈ ਦੀ ਰਿਪੋਰਟ ਪੁਲਿਸ ਕੋਲ ਕਰੋ। ਹਿੰਸਕ ਧਮਕੀ ਜਾਂ ਕਾਰਵਾਈ ਅਤੇ ਨਿਜੀ ਵਿਸ਼ੇਸ਼ਤਾਵਾਂ (ਨਸਲ, ਲਿੰਗ, ਉਮਰ, ਅਸਮਰਥਤਾ, ਜਿਨਸੀ ਝੁਕਾਅ ਆਦਿ) ਵਿਚਕਾਰ ਸਬੰਧ ਬਾਰੇ ਜ਼ਰੂਰ ਦੱਸੋ। ਯਾਦ ਰੱਖੋ ਕਿ ਇਹ ਸਬੰਧ ਤੁਹਾਡੀਆਂ ਵਿਸ਼ੇਸ਼ਤਾਵਾਂ ਜਾਂ ਤੁਹਾਡੇ ਨਾਲ ਜੁੜੇ ਸਮੂਹ ਜਾਂ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ 'ਤੇ ਅਧਾਰਤ ਹੋ ਸਕਦਾ ਹੈ।

3. ਤੁਸੀ ਸ਼ਿਕਾਇਤ ਦਰਜ ਕਰਾ ਸਕਦੇ ਹੋ। ਸ਼ਿਕਾਇਤ DFEH ਕੋਲ, ਅਦਾਲਤ ਵਿੱਚ, ਜਾਂ ਕਿਸੇ ਹੋਰ ਸਰਕਾਰੀ ਏਜੰਸੀ ਕੋਲ ਦਾਇਰ ਕੀਤੀ ਜਾ ਸਕਦੀ ਹੈ, ਜਿਵੇਂ ਸਥਾਨਕ ਪੁਲਿਸ ਵਿਭਾਗ, ਡਿਸਟਿਰ੍ਕਟ ਅਟਾਰਨੀ, ਜਾਂ ਕੈਲੀਫੋਰਨੀਆ ਅਟਾਰਨੀ ਜਨਰਲ।

ਸ਼ਿਕਾਇਤ DFEH ਕੋਲ, ਅਦਾਲਤ ਵਿੱਚ, ਜਾਂ ਕਿਸੇ ਹੋਰ ਸਰਕਾਰੀ ਏਜੰਸੀ ਕੋਲ ਦਾਇਰ ਕੀਤੀ ਜਾ ਸਕਦੀ ਹੈ ਜਿਵੇਂ ਪੁਲਿਸ ਵਿਭਾਗ, ਡਿਸਟਿਰ੍ਕਟ ਅਟਾਰਨੀ, ਜਾਂ CA ਅਟਾਰਨੀ ਜਨਰਲ।

ਰਾਲਫ ਜਾਂ ਬੇਨ ਸਿਵਲ ਰਾਈਟਸ ਐਕਟ ਲਾਗੂ ਕਰਨ ਲਈ ਕੈਲੀਫੋਰਨੀਆ ਸਿਵਲ ਕੋਡ ਦੀ ਧਾਰਾ 52 ਤਹਿਤ ਇੱਕ ਨਿੱਜੀ ਮੁਕੱਦਮਾ ਦਾਇਰ ਕੀਤਾ ਜਾ ਸਕਦਾ ਹੈ।

# ਮੈਂ ਕੈਲੀਫੋਰਨੀਆ ਵਿੱਚ ਸ਼ਿਕਾਇਤ ਕਿਵੇਂ ਦਾਇਰ ਕਰਾਂ?

DFEH ਵਿਚ ਸ਼ਿਕਾਇਤ ਲਾਜ਼ਮੀ ਤੌਰ 'ਤੇ ਪੀੜਤ ਦੁਆਰਾ ਜੁਰਮ ਨੂੰ ਅੰਜਾਮ ਦੇਣ ਵਾਲੇ ਦੀ ਪਛਾਣ ਬਾਰੇ ਪਤਾ ਲੱਗਣ ਦੀ ਤਾਰੀਖ ਤੋ ਲੈ ਕੇ ਇੱਕ ਸਾਲ ਅੰਦਰ ਦਾਇਰ ਕਰਨੀ ਚਾਹੀਦੀ ਹੈ, ਪਰ ਕਿਸੇ ਵੀ ਸੂਰਤ ਵਿੱਚ ਇਹ ਸਮਾਂ ਨੁਕਸਾਨ ਦੀ ਤਾਰੀਖ ਤੋ ਤਿੰਨ ਸਾਲ ਤੋ ਵੱਧ ਨਹੀ ਹੋਣਾ ਚਾਹੀਦਾ। ਅਟਾਰਨੀ ਦੀ ਲੋੜ ਨਹੀ ਹੁੰਦੀ ਅਤੇ ਵਿਭਾਗ ਦੀਆਂ ਸੇਵਾਵਾਂ ਲਈ ਕੋਈ ਫੀਸ ਨਹੀ ਹੈ। ਸ਼ਿਕਾਇਤ ਬਾਰੇ ਨਿਸ਼ਚਿਤ ਤੱਥ ਪੇਸ਼ ਕਰਨ ਲਈ ਤਿਆਰ ਰਹੋ ਅਤੇ ਅਜਿਹੇ ਦਸਤਾਵੇਜ਼ਾਂ ਦੀਆਂ ਨਕਲਾਂ ਮੁਹੱਈਆ ਕਰੋ ਜੋ ਸ਼ਿਕਾਇਤ ਵਿਚਲੇ ਦੋਸ਼ਾਂ ਦਾ ਸਮਰਥਨ ਕਰਦੇ ਹੋਣ।

**ਤੁਸੀ ਸਾਡੇ ਟੋਲ ਫਰ੍ੀ ਨੰਬਰ (800) 884-1684 'ਤੇ ਕਾਲ ਕਰਕੇ DFEH ਨਾਲ ਸੰਪਰਕ ਕਰ ਸਕਦੇ ਹੋ**

## ਦੀਵਾਨੀ ਉਪਰਾਲੇ

ਰੋਕ ਦੇ ਆਦੇਸ਼: ਅਦਾਲਤ ਤੋ ਰੋਕਮਈ ਹੁਕਮ ਪਰ੍ਾਪਤ ਕਰਨ ਤੋ ਬਾਅਦ, ਉਸ ਹੁਕਮ ਦੀ ਉਲੰਘਣਾ ਕਰਨ ਵਾਲਿਆਂ 'ਤੇ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਉਹਨਾਂ ਨੂੰ ਜੇਲਹ੍ ਹੋ ਸਕਦੀ ਹੈ।

ਅਸਲ ਨੁਕਸਾਨ: ਇਹਨਾਂ ਨੁਕਸਾਨਾਂ ਵਿੱਚ ਸ਼ਾਮਲ ਹਨ ਡਾਕਟਰੀ ਇਲਾਜ ਦੀ ਕੀਮਤ, ਤਨਖਾਹਾਂ ਦਾ ਨੁਕਸਾਨ, ਪਰ੍ਾਪਰਟੀ ਦੀ ਮੁਰੰਮਤ, ਜਾਂ ਭਾਵਨਾਤਮਕ ਕਸ਼ਟ ਅਤੇ ਦੁਖ ਦੇਣ ਲਈ ਭੁਗਤਾਨ।

ਦੰਡਾਤਮਕ ਨੁਕਸਾਨ: ਅਦਾਲਤ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਵਧੀਕ ਨੁਕਸਾਨਾਂ ਦਾ ਹੁਕਮ ਦੇ ਸਕਦੀ ਹੈ।

ਦੀਵਾਨੀ ਜੁਰਮਾਨੇ: ਅਦਾਲਤ $25,000 ਦੇ ਜੁਰਮਾਨੇ ਦਾ ਹੁਕਮ ਦੇ ਸਕਦੀ ਹੈ ਜੋ ਸ਼ਿਕਾਇਤ ਦਾਇਰ ਕਰਨ ਵਾਲੇ ਵਿਅਕਤੀ ਨੂੰ ਦਿੱਤਾ ਜਾਵੇਗਾ।

ਅਟਾਰਨੀ ਦੀਆਂ ਫੀਸਾਂ: ਅਦਾਲਤ ਮੁਕੱਦਮੇਬਾਜ਼ੀ ਦੇ ਨਤੀਜੇ ਵੱਜੋ ਕੀਤੀਆਂ ਜਾਣ ਵਾਲੀਆਂ ਅਟਾਰਨੀ ਦੀਆਂ ਫੀਸਾਂ ਦੇ ਭੁਗਤਾਨ ਲਈ ਵੀ ਆਦੇਸ਼ ਦੇ ਸਕਦੀ ਹੈ।